# ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)

ਵਿਸ਼ਾ: ਪਬਲੀਕੇਸ਼ਨ ਬਿਊਰੋ ਦੀਆਂ ਪੁਸਤਕਾਂ ਦੀ ਸੇਲ ਦਾ ਆਧਾਰ ਵੱਡਾ ਕਰਨ ਲਈ ਵਿਦਿਆਰਥੀ ਵਿੱਕਰੀ ਪ੍ਰਤੀਨਿਧ (Student sales represnetative) ਨਿਯੁਕਤ ਕਰਨ ਸਬੰਧੀ

ਪਬਲੀਕੇਸ਼ਨ ਬਿਊਰੋ ਵਲੋਂ ਪੁਸਤਕਾਂ ਦੀ ਸੇਲ ਵਿਚ ਵਾਧਾ ਕਰਨ ਲਈ ਵਿਦਿਆਰਥੀ ਵਿਕਰੀ ਪ੍ਰਤੀਨਿਧ (Student sales representative) ਨਿਯੁਕਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਸੰਦਰਭ ਵਿਚ ਵਾਈਸ ਚਾਂਸਲਰ ਸਾਹਿਬ ਵਲੋਂ ਪਰਵਾਨ ਹੋਈ ਪ੍ਰੋਸੀਡਿੰਗ ਦੀ ਫੋਟੋ ਕਾਪੀ ਇਸ ਪੱਤਰ ਨਾਲ ਆਪ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਵਿੱਕਰੀ ਪ੍ਰਤੀਨਿਧ ਦੀ ਨਿਯੁਕਤੀ ਲਈ ਰੈਗੂਲਰ ਵਿਦਿਆਰਥੀਆਂ ਤੋਂ ਸਬੰਧਤ ਵਿਭਾਗ ਦੇ ਮੁਖੀ ਰਾਹੀਂ ਅਰਜ਼ੀਆਂ ਮੰਗ ਲਈਆਂ ਜਾਣ। ਇਸ ਸਬੰਧੀ ਆਪ ਜੀ ਵਲੋਂ ਸਭ ਵਿਭਾਗਾਂ ਦੇ ਮੁਖੀਆਂ ਨੂੰ ਇਕ ਸਰਕੁਲਰ ਜਾਰੀ ਕਰ ਦਿਤਾ ਜਾਵੇ। **ਰੁਚਿਤ ਵਿਦਿਆਰਥੀਆਂ ਨੂੰ ਆਪਣੀਆਂ ਅਰਜ਼ੀਆਂ ਸਬੰਧਤ ਵਿਭਾਗ ਦੇ ਮੁਖੀ ਵਲੋਂ ਸਿਫ਼ਾਰਸ਼ ਕਰਨ 'ਤੇ ਪਬਲੀਕੇਸ਼ਨ ਬਿਊਰੋ ਵਿਖੇ ਜਮ੍ਹਾਂ ਕਰਵਾ ਦਿਤੀਆਂ ਜਾਣ।** ਪ੍ਰਵਾਂਨ ਹੋਈ ਕਮੇਟੀ ਰਾਹੀਂ ਚੋਣ ਉਪਰੰਤ ਇਨ੍ਹਾਂ ਨੂੰ ਵਿਦਿਆਰਥੀ ਵਿੱਕਰੀ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਜਾਵੇਗਾ।

**ਵਿਦਿਆਰਥੀ ਵਿਕਰੀ ਪ੍ਰਤੀਨਿਧ ਬਣਨ ਲਈ ਹੇਠ ਲਿਖੀਆਂ ਸ਼ਰਤਾਂ ਹੋਣਗੀਆਂ:**

1. ਸਮੁੱਚੇ ਤੌਰ 'ਤੇ ਪਹਿਲੀ ਵਾਰ ਵੱਧ ਤੋਂ ਵੱਧ 20 ਵਿਦਿਆਰਥੀ ਵਿੱਕਰੀ ਪ੍ਰਤੀਨਿਧ ਨਿਯੁਕਤ ਕੀਤੇ ਜਾਣਗੇ।
2. ਵਿਦਿਆਰਥੀ ਵਿਕਰੀ ਪ੍ਰਤੀਨਿਧ ਬਣਨ ਲਈ ਚਾਹਵਾਨ ਵਿਦਿਆਰਥੀਆਂ ਤੋਂ ਨਿਸ਼ਚਿਤ ਮਿਤੀ ਦੇ ਕੇ ਅਰਜ਼ੀਆਂ ਮੰਗਵਾ ਕੇ ਅਨੁਭਵ, ਸਥਾਨ ਅਤੇ ਵਿਕਰੀ ਦੀ ਸੰਭਾਵਨਾਂ ਦੇ ਆਧਾਰ 'ਤੇ ਵਾਈਸ ਚਾਂਸਲਰ ਸਾਹਿਬ ਵਲੋਂ ਪ੍ਰਵਾਨਿਤ ਕਮੇਟੀ ਰਾਹੀਂ ਚੋਣ ਕੀਤੀ ਜਾਵੇਗੀ।
3. ਵਿਦਿਆਰਥੀ ਜਦੋਂ ਤੱਕ ਪੰਜਾਬੀ ਯੂਨੀਵਰਸਿਟੀ ਕੈਂਪਸ ਦੇ ਕਿਸੇ ਵਿਭਾਗ ਦਾ ਰੈਗੂਲਰ ਵਿਦਿਆਰਥੀ ਰਹੇਗਾ ਉਦੋਂ ਤੱਕ ਹੀ ਉਹ ਵਿੱਕਰੀ ਪ੍ਰਤੀਨਿਧ ਰਹਿ ਸਕਦਾ ਹੈ। ਕੋਰਸ ਪੂਰਾ ਹੋਣ ਉਤੇ ਉਸ ਦੀ ਵਿਕਰੀ ਪ੍ਰਤੀਨਿਧ ਵਜੋਂ ਵੈਧਤਾ ਖ਼ਤਮ ਹੋ ਜਾਵੇਗੀ। ਜੇਕਰ ਉਹ ਵਿਦਿਆਰਥੀ ਬਾਅਦ ਵਿਚ ਵੀ ਪੁਸਤਕ ਵਿੱਕਰੀ ਦਾ ਚਾਹਵਾਨ ਹੈ ਤਾਂ ਪਬਲੀਕੇਸ਼ਨ ਬਿਊਰੋ ਦੇ ਤਤਕਾਲੀ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਬਾਕਾਇਦਾ ਏਜੰਸੀ ਲਈ ਨਵੀਂ ਅਰਜ਼ੀ ਦੇ ਸਕਦੇ ਹਨ।
4. ਪਹਿਲੀ ਵਾਰ ਵਿਦਿਆਰਥੀ ਵਿਕਰੀ ਪ੍ਰਤੀਨਿਧ ਨੂੰ 20000/-ਰੁ ਦੀਆਂ ਪੁਸਤਕਾਂ (Advance Stock) ਪ੍ਰਕਾਸ਼ਿਤ ਮੁੱਲ 'ਤੇ ਦਿਤੀਆਂ ਜਾਣਗੀਆਂ। ਇਨ੍ਹਾਂ ਵਿਚੋਂ ਵਿਕੀਆਂ ਹੋਈਆਂ ਪੁਸਤਕਾਂ ਦੀ ਰਕਮ ਵੱਧ ਤੋਂ ਵੱਧ ਇਕ ਮਹੀਨੇ ਵਿਚ ਪਬਲੀਕੇਸ਼ਨ ਬਿਊਰੋ ਦੇ ਕਰੰਟ ਅਕਾਊਂਟ ਵਿਚ ਜਮ੍ਹਾਂ ਕਰਵਾਉਣਗੇ। ਜੋ ਵਿੱਕਰੀ ਪ੍ਰਤੀਨਿਧ ਦੀ ਵੈਧਤਾ ਖ਼ਤਮ ਹੋਣ ਸਮੇਂ ਵਾਪਿਸ ਕਰ ਦਿਤੇ ਜਾਣਗੇ ਜਾਂ ਪ੍ਰਤੀਨਿਧ ਦੀ ਇੱਛਾ ਅਨੁਸਾਰ ਪੁਸਤਕਾਂ ਦੇ ਖ਼ਰੀਦ ਮੁੱਲ ਵਿਚ ਸ਼ਾਮਲ ਕੀਤੇ ਜਾਣਗੇ।
5. ਵਿਦਿਆਰਥੀ ਵਿੱਕਰੀ ਪ੍ਰਤੀਨਿਧ ਬਣਨ ਲਈ ਰੈਗੂਲਰ ਵਿਦਿਆਰਥੀਆਂ ਤੋਂ ਸਬੰਧਤ ਵਿਭਾਗ ਦੇ ਮੁਖੀ ਰਾਹੀਂ ਅਰਜ਼ੀਆਂ ਮੰਗੀਆਂ ਜਾਣਗੀਆਂ। ਸਬੰਧਤ ਵਿਭਾਗ ਦੇ ਮੁਖੀ ਵਲੋਂ ਸਿਫ਼ਾਰਸ਼ ਕਰਨ ਤੇ ਇਹ ਅਰਜ਼ੀਆਂ ਪਬਲੀਕੇਸ਼ਨ ਬਿਊਰੋ ਵਿਖੇ ਜਮ੍ਹਾਂ ਕਰਵਾਈਆਂ ਜਾਣਗੀਆਂ। ਵਿਦਿਆਰਥੀ ਵਿਕਰੀ ਪ੍ਰਤੀਨਿਧ ਪਾਸੋਂ ਅਰਜ਼ੀਆਂ ਪੰਜਾਬੀ ਯੂਨੀਵਰਸਿਟੀ ਦੀ ਵੈਬਸਾਈਟ ਤੇ ਡੀਨ, ਵਿਦਿਆਰਥੀ ਭਲਾਈ ਰਾਹੀਂ ਦਿਤੀਆਂ ਜਾਣਗੀਆਂ ਅਤੇ ਵਿਦਿਆਰਥੀ ਵਿਕਰੀ ਪ੍ਰਤੀਨਿਧ ਬਣਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਸੂਚਿਤ ਕਰਨ ਲਈ ਨੋਟਿਸ ਬੋਰਡ 'ਤੇ ਇਸ਼ਤਿਹਾਰ ਦੇਣ ਲਈ ਡੀਨ, ਵਿਦਿਆਰਥੀ ਭਲਾਈ ਵਲੋਂ ਸਾਰੇ ਵਿਭਾਗਾਂ ਨੂੰ ਸੂਚਿਤ ਕੀਤਾ ਜਾਵੇਗਾ। ਅਪਰੂਵਡ ਸਿਲੈਕਸ਼ਨ ਕਮੇਟੀ ਰਾਹੀਂ ਚੋਣ ਉਪਰੰਤ ਇਨ੍ਹਾਂ ਨੂੰ ਵਿਦਿਆਰਥੀ ਵਿੱਕਰੀ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਜਾਵੇਗਾ।

6. ਵਿਦਿਆਰਥੀ ਵਿਕਰੀ ਪ੍ਰਤੀਨਿਧ ਨੂੰ ਏਜੰਸੀਆਂ ਲਈ ਡਿਸਕਾਊਂਟ ਦੀਆਂ ਮੌਜੂਦਾ ਦਰਾਂ ਮੁਤਾਬਿਕ ਹੀ ਡਿਸਕਾਊਂਟ ਦਿਤਾ ਜਾਵੇਗਾ। ਵਿਦਿਆਰਥੀ ਵਿਕਰੀ ਪ੍ਰਤੀਨਿਧ ਨੂੰ ਪਾਠ ਪੁਸਤਕਾਂ 'ਤੇ ਨਿਯਮਾਂ ਅਨੁਸਾਰ 20% ਛੋਟ ਅਤੇ ਜਰਨਲ ਪੁਸਤਕਾਂ ਤੇ 50% ਛੋਟ ਦਿਤੀ ਜਾਵੇਗੀ। ਉਹ ਇਨ੍ਹਾਂ ਪੁਸਤਕਾਂ ਨੂੰ ਆਪਣੀ ਮਰਜ਼ੀ/ਲੋੜ ਅਨੁਸਾਰ ਕਿੰਨੀ ਵੀ ਛੋਟ ਉਤੇ ਵੇਚ ਸਕਦਾ ਹੈ ਪਰੰਤੂ ਪੁਸਤਕ ਦੇ ਪ੍ਰਕਾਸ਼ਿਤ ਮੁੱਲ ਤੋਂ ਵੱਧ ਨਹੀਂ। ਪ੍ਰਕਾਸ਼ਿਤ ਮੁੱਲ ਤੋਂ ਜ਼ਿਆਦਾ ਮੁੱਲ ਉਤੇ ਕਿਤਾਬ ਵੇਚਣ ਦੀ ਸੂਰਤ ਵਿਚ ਵਿਦਿਆਰਥੀ ਵਿਕਰੀ ਪ੍ਰਤੀਨਿਧ ਦੀ ਮਾਨਤਾ ਰੱਦ ਕਰ ਦਿਤੀ ਜਾਵੇਗੀ ਅਤੇ ਤੁਰੰਤ ਪੁਸਤਕਾਂ ਦੀ ਵਿਕਰੀ ਦਾ ਹਿਸਾਬ ਕਰੇਗਾ।

7. ਵਿਦਿਆਰਥੀ ਪੁਸਤਕਾਂ ਦੀ ਸੇਲ ਦਾ ਕੰਮ ਆਪਣੇ ਵਿਹਲੇ ਸਮੇਂ ਦੌਰਾਨ ਕਰੇਗਾ ਅਤੇ ਉਸ ਨੂੰ ਲੈਕਚਰਾਂ ਤੋਂ ਕਿਸੇ ਕਿਸਮ ਦੀ ਛੋਟ ਨਹੀਂ ਦਿਤੀ ਜਾਵੇਗੀ।

8. ਉਪਰੋਕਤ ਸਾਰੀਆਂ ਸ਼ਰਤਾਂ ਲਈ ਰਜਿਸਟਰਡ ਇਕਰਾਰਨਾਮਾ ਸਹੀਬਧ ਕੀਤਾ ਜਾਵੇਗਾ।

9. ਵਿਦਿਆਰਥੀ ਵਿਕਰੀ ਪ੍ਰਤੀਨਿਧ ਵਖ ਵਖ ਸਮੇਂ ਵਖ ਵਖ ਸਥਾਨਾਂ ਉਤੇ ਪਬਲੀਕੇਸ਼ਨ ਬਿਊਰੋ ਵਲੋਂ ਲਗਾਈਆਂ ਜਾਣ ਵਾਲੀਆਂ ਪੁਸਤਕ ਪ੍ਰਦਰਸ਼ਨੀਆਂ ਵਿਚ ਵੀ ਸਹਿਯੋਗ ਦੇਵੇਗਾ।

10. ਕੋਰਸਾਂ ਦੇ ਅੰਤ ਉਤੇ ਹੋਣ ਵਾਲੀਆਂ ਪ੍ਰੀਖਿਆਵਾਂ ਵਿਚ ਬੈਠਣ ਲਈ ਵਿਦਿਆਰਥੀ ਵਿਕਰੀ ਪ੍ਰਤੀਨਿਧ ਨੂੰ ਪਬਲੀਕੇਸ਼ਨ ਬਿਊਰੋ ਤੋਂ 'ਕੋਈ ਬਕਾਇਆ ਨਹੀਂ' ਪ੍ਰਮਾਣ ਪੱਤਰ ਲੈਣਾ ਲਾਜ਼ਮੀ ਹੋਵੇਗਾ।

11. ਪ੍ਰਤੀ ਜਿਲ੍ਹਾ ਜਾਂ ਸ਼ਹਿਰ, ਕਸਬਾ ਇਕ ਪ੍ਰਤੀਨਿਧ ਨਿਯੁਕਤ ਕੀਤਾ ਜਾਵੇਗਾ।

12. ਹਰ ਵਿਦਿਆਰਥੀ ਵਿਕਰੀ ਪ੍ਰਤੀਨਿਧ ਤੋਂ ਸਕਿਉਰਿਟੀ ਵਜੋਂ 10000/-ਰੁ ਪਬਲੀਕੇਸ਼ਨ ਬਿਊਰੋ ਦੇ ਸੇਵਿੰਗ ਅਕਾਊਂਟ ਨੰ:41126069001 ਵਿਚ ਜਮ੍ਹਾਂ ਕਰਵਾਉਣੇ ਹੋਣਗੇ।

13. ਵਿੱਕਰੀ ਪ੍ਰਤਿਨਿਧੀ ਬਣਨ ਦੇ ਚਾਹਵਾਨ ਵਿਦਿਆਰਥੀ ਆਪਣੀ ਅਰਜ਼ੀ 30 ਅਪ੍ਰੈਲ, 2023 ਤੱਕ ਪਬਲੀਕੇਸ਼ਨ ਬਿਊਰੋ ਦੀ Email: head_publication@pbi.ac.in 'ਤੇ ਜਾਂ ਦਸਤੀ ਤੌਰ 'ਤੇ ਭੇਜ ਸਕਦੇ ਹਨ।

12.4.2023

ਪ੍ਰੋਫ਼ੈਸਰ ਇੰਚਾਰਜ
ਪਬਲੀਕੇਸ਼ਨ ਬਿਊਰੋ